# Telephone Conversation between Prime Minister and His Royal Highness The Prince of Wales

April 02, 2020

........................................................................................................

## ਪ੍ਰਧਾਨ ਮੰਤਰੀ ਅਤੇ ਮਹਾਮਹਿਮ ਪ੍ਰਿੰਸ ਆਫ ਵੇਲਜ਼ ਵਿਚਾਲੇ ਟੈਲੀਫੋਨ 'ਤੇ ਗੱਲਬਾਤ

02 ਅਪ੍ਰੈਲ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਮਹਾਮਹਿਮ ਪ੍ਰਿੰਸ ਆਫ ਵੇਲਜ਼ ਨਾਲ ਟੈਲੀਫੋਨ ਰਾਹੀਂ ਗੱਲਬਾਤ ਕੀਤੀ।

ਦੋਨਾਂ ਪਤਵੰਤੇ ਵਿਅਕਤੀਆਂ ਨੇ ਮੌਜੂਦਾ ਕੋਵਿਡ -19 ਮਹਾਂਮਾਰੀ ਬਾਰੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਪਿਛਲੇ ਕੁਝ ਦਿਨਾਂ ਅੰਦਰ ਬ੍ਰਿਟੇਨ 'ਚ ਹੋਏ ਜਾਨੀ ਨੁਕਸਾਨ ਉੱਤੇ ਆਪਣਾ ਅਫਸੋਸ ਪ੍ਰਗਟ ਕੀਤਾ। ਉਨ੍ਹਾਂ ਨੇ ਮਹਾਮਹਿਮ ਪ੍ਰਿੰਸ ਦੇ ਆਪਣੀ ਹਾਲੀਆ ਬੀਮਾਰੀ ਉਪਰੰਤ ਸਿਹਤਯਾਬ ਹੋਣ 'ਤੇ ਤੱਸਲੀ ਪ੍ਰਗਟਾਈ ਅਤੇ ਉਨ੍ਹਾਂ ਦੀ ਸਦੀਵੀ ਸਿਹਤਯਾਬੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਮਹਾਮਹਿਮ ਪ੍ਰਿੰਸ ਆਫ ਵੇਲਜ਼ ਨੇ ਬ੍ਰਿਟੇਨ ਅੰਦਰ ਰਹਿ ਰਹੇ ਭਾਰਤੀ ਪ੍ਰਵਾਸੀਆਂ, ਜਿਨ੍ਹਾਂ ਵਿਚ ਰਾਸ਼ਟਰੀ ਸਿਹਤ ਸੇਵਾ ਦੇ ਬਹੁਤ ਸਾਰੇ ਮੈਂਬਰ ਵੀ ਸ਼ਾਮਲ ਹਨ, ਵੱਲੋਂ ਇਸ ਮਹਾਂਮਾਰੀ ਨਾਲ ਲੜੀ ਜਾ ਰਹੀ ਜੰਗ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਬ੍ਰਿਟੇਨ ਅੰਦਰ ਦੇ ਭਾਰਤੀ ਭਾਈਚਾਰੇ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਬਿਨਾ ਕਿਸੇ ਸਵਾਰਥ ਦੇ ਕੀਤੇ ਜਾ ਰਹੇ ਕੱਮਾਂ ਦਾ ਵੀ ਜ਼ਿਕਰ ਕੀਤਾ।

ਮਹਾਮਹਿਮ ਪ੍ਰਿੰਸ ਆਫ ਵੇਲਜ਼ ਨੇ ਮੌਜੂਦਾ ਸੰਕਟ ਦੌਰਾਨ ਭਾਰਤ ਵਿਚ ਫਸੇ ਬ੍ਰਿਟਿਸ਼ ਨਾਗਰਿਕਾਂ ਨੂੰ ਦਿੱਤੀ ਗਈ ਮਦਦ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ।

ਪ੍ਰਧਾਨ ਮੰਤਰੀ ਨੇ ਆਯੁਰਵੇਦ 'ਚ ਹੁਣ ਤੱਕ ਚੱਲੀ ਆ ਰਹੀ ਉਨ੍ਹਾਂ ਦੀ ਡੂੰਘੀ ਦਿਲਚਸਪੀ ਲਈ ਮਹਾਮਹਿਮ ਪ੍ਰਿੰਸ ਆਫ ਵੇਲਜ਼ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਛੋਟੇ ਐਨੀਮੇਸ਼ਨ ਵੀਡੀਓ ਬਣਾਕੇ ਯੋਗ ਅਭਿਆਸ ਸਿਖਾਉਣ ਅਤੇ ਅਤੇ ਪ੍ਰਤੀਰੋਧ ਵਧਾਉਣ ਲਈ ਰਵਾਇਤੀ ਘਰੇਲੂ ਇਲਾਜਾਂ ਦਾ ਪ੍ਰਸਾਰ ਕਰਨ ਉੱਤੇ ਕੇਂਦਰਤ ਹਾਲੀਆ ਭਾਰਤੀ ਪਹਿਲ ਦੀ ਵਿਆਖਿਆ ਕੀਤੀ। ਮਹਾਮਹਿਮ ਪ੍ਰਿੰਸ ਆਫ ਵੇਲਜ਼ ਨੇ ਸਿਹਤ ਅਤੇ ਤੰਦਰੁਸਤੀ ਨੂੰ, ਖ਼ਾਸਕਰ ਮੌਜੂਦਾ ਹਾਲਾਤ ਅੰਦਰ, ਹੋਰ ਚੰਗੇਰਾ ਬਣਾਉਣ ਵਿੱਚ ਇਨ੍ਹਾਂ ਪਹਿਲਾਂ ਦੀ ਸੰਭਾਵਨਾ ਦੀ ਸ਼ਲਾਘਾ ਕੀਤੀ।

ਨਵੀਂ ਦਿੱਲੀ
02 ਅਪ੍ਰੈਲ, 2020

DISCLAIMER : This is an approximate translation. The original is available in English on MEA’s website and may be referred to as the official press release.